20/04/2021 ਦਾ ਸੰਸਕਰਣ 02.

_emiro.Giunta - Prot. 23/04/2021.0390279.U

## COVID-19 ਵੈਕਸੀਨੇਸ਼ਨ ਸਹਿਮਤੀ ਫਾਰਮ ਦੇ ਨਾਲ ਨੱਥੀ: ਜਾਣਕਾਰੀ ਪਰਚਾ

## ਕੋਮੀਰਨੈਟੀ (BioNTech/ਫਾਈਜ਼ਰ)

### ਕੋਮੀਰਮੈਟੀ ਕੀ ਹੈ ਅਤੇ ਇਸ ਦੀ ਵਰਤੋਂ ਕਿਸ ਚੀਜ਼ ਦੇ ਲਈ ਕੀਤੀ ਜਾਂਦੀ ਹੈ

ਕੋਮੀਰਨੈਟੀ ਵੈਕਸਿਨ SARS-CoV-2 ਵਾਇਰਸ ਕਰਕੇ ਹੋਈ COVID-19 ਬਿਮਾਰੀ ਨੂੰ ਰੋਕਣ ਦੇ ਲਈ ਵਰਤੀ ਜਾਣ ਵਾਲੀ ਵੈਕਸਿਨ ਹੈ। ਕੋਮੀਰਨੈਟੀ 16 ਜਾਂ ਇਸ ਤੋਂ ਵੱਧ ਉਮਰ ਦੇ ਬਾਲਗਾਂ ਅਤੇ ਕਿਸ਼ੋਰਾਂ ਨੂੰ ਦਿੱਤੀ ਜਾਂਦੀ ਹੈ। ਇਹ ਵੈਕਸਿਨ ਵਾਇਰਸ ਦੇ ਖਿਲਾਫ ਲੜਨ, COVID-19 ਬਿਮਾਰੀ ਤੋਂ ਰੱਖਿਆ ਕਰਨ ਦੇ ਲਈ ਐਂਟੀਬੌਡੀਜ਼ ਅਤੇ ਖੂਨ ਦੀਆਂ ਕੋਸ਼ਿਕਾਵਾਂ ਉਤਪੰਨ ਕਰਨ ਦੇ ਲਈ ਰੱਖਿਆ ਪ੍ਰਣਾਲੀ (ਸ਼ਰੀਰ ਦੇ ਕੁਦਰਤੀ ਰਖਵਾਲਿਆਂ) ਨੂੰ ਕਾਰਜਸ਼ੀਲ ਕਰਦੀ ਹੈ। ਕੋਮੀਰਨੈਟੀ ਵਿੱਚ ਇਮਿਊਨਿਟੀ ਨੂੰ ਕਾਰਜਸ਼ੀਲ ਕਰਨ ਦੇ ਲਈ ਵਾਇਰਸ ਨਹੀਂ ਹੁੰਦਾ ਅਤੇ ਇਸ ਲਈ ਇਹ COVID-19 ਨੂੰ ਟ੍ਰਾਂਸਮਿਟ ਨਹੀਂ ਕਰ ਸਕਦੀ।

### ਕੋਮੀਰਨੈਟੀ ਲੈਣ ਤੋਂ ਪਹਿਲਾਂ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਕੋਮੀਰਨੈਟੀ ਉਸ ਸਥਿਤੀ ਵਿੱਚ ਨਹੀਂ ਦਿੱਤੀ ਜਾਣੀ ਚਾਹੀਦੀ ਜੇਕਰ ਤੁਹਾਨੂੰ ਇਸ ਦਵਾਈ (ਹੇਠਾਂ ਸੂਚੀਬੱਧ) ਦੀ ਕਿਸੇ ਵੀ ਕਾਰਜਸ਼ੀਲ ਸਮੱਗਰੀ ਜਾਂ ਕਿਸੇ ਹੋਰ ਸਮੱਗਰੀ ਦੇ ਪ੍ਰਤੀ ਐਲਰਜੀ ਹੈ।

### ਚੇਤਾਵਨੀਆਂ ਅਤੇ ਸਾਵਧਾਨੀਆਂ

ਵੈਕਸਿਨ ਲੈਣ ਤੋਂ ਪਹਿਲਾਂ ਵੈਕਸੀਨੇਸ਼ਨ ਕੇਂਦਰ ਵਿਖੇ ਡਾਕਟਰ ਜਾਂ ਸਿਹਤ ਦੇਖਭਾਲ ਪੇਸ਼ੇਵਰ ਦੇ ਨਾਲ ਗੱਲ ਕਰੋ ਜੇਕਰ:

- ਤੁਹਾਨੂੰ ਅਤੀਤ ਵਿੱਚ ਕਦੇ ਵੀ ਕਿਸੇ ਹੋਰ ਵੈਕਸਿਨ ਦਾ ਟੀਕਾ ਲੈਣ ਤੋਂ ਬਾਅਦ ਜਾਂ ਕੋਮੀਰਨੈਟੀ ਲੈਣ ਤੋਂ ਬਾਅਦ ਕਦੇ ਵੀ ਗੰਭੀਰ ਐਲਰਜੀ ਸੰਬੰਧੀ ਪ੍ਰਤੀਕਿਰਿਆ ਜਾਂ ਸਾਹ ਸੰਬੰਧੀ ਸਮੱਸਿਆਵਾਂ ਹੋਈਆਂ ਹਨ;
- ਤੁਸੀਂ ਇੰਜੈਕਸ਼ਨ ਤੋਂ ਬਾਅਦ ਬੇਹੋਸ਼ ਹੋਏ ਹੋ;
- ਤੁਹਾਨੂੰ ਤੇਜ਼ ਬੁਖਾਰ ਦੇ ਨਾਲ ਗੰਭੀਰ ਬਿਮਾਰੀ ਜਾਂ ਸੰਕ੍ਰਮਣ ਹੈ। ਹਾਲਾਂਕਿ, ਜੇਕਰ ਤੁਹਾਨੂੰ ਹਲਕਾ ਜਿਹਾ ਬੁਖਾਰ ਹੈ ਜਾਂ ਉੱਪਰਲੇ ਸਾਹ ਮਾਰਗ ਸੰਬੰਧੀ ਸੰਕ੍ਰਮਣ ਹੈ, ਜਿਵੇਂ ਕਿ ਜ਼ੁਕਾਮ, ਤਾਂ ਤੁਸੀਂ ਫਿਰ ਵੀ ਵੈਕਸਿਨ ਲੈ ਸਕਦੇ ਹੋ;
- ਤੁਹਾਨੂੰ ਖੂਨ ਵਗਣ ਦੀ ਸਮੱਸਿਆ ਹੈ, ਤੁਹਾਨੂੰ ਜਲਦੀ ਹੀ ਜ਼ਖਮ ਹੋ ਜਾਂਦੇ ਹਨ ਜਾਂ ਜੇਕਰ ਤੁਸੀਂ ਖੂਨ ਦੇ ਜਮਾਅ ਨੂੰ ਰੋਕਣ ਦੇ ਲਈ ਕਿਸੇ ਦਵਾਈ ਦੀ ਵਰਤੋਂ ਕਰਦੇ ਹੋ;
- ਤੁਹਾਡੀ ਰੱਖਿਆ ਪ੍ਰਣਾਲੀ HIV ਸੰਕ੍ਰਮਣ ਵਰਗੀ ਬਿਮਾਰੀ ਦੇ ਕਰਕੇ ਕਮਜ਼ੋਰ ਹੈ, ਜਾਂ ਜੇਕਰ ਤੁਸੀਂ ਅਜਿਹੀ ਦਵਾਈ ਦੀ ਵਰਤੋਂ ਕਰ ਰਹੇ ਹੋ ਜੋ ਤੁਹਾਡੀ ਰੱਖਿਆ ਪ੍ਰਣਾਲੀ ਨੂੰ ਪ੍ਰਭਾਵਤ ਕਰਦੀ ਹੈ ਜਿਵੇਂ ਕਿ ਕੋਰਟੀਕੋਸਟੇਰੋਇਡ।

### ਹੋਰ ਦਵਾਈਆਂ ਅਤੇ ਕੋਮੀਰਨੈਟੀ

ਜੇਕਰ ਤੁਸੀਂ ਕਿਸੇ ਹੋਰ ਦਵਾਈ ਦੀ ਵਰਤੋਂ ਕਰ ਰਹੇ ਹੋ, ਹਾਲ ਹੀ ਵਿੱਚ ਵਰਤੋਂ ਕਰ ਚੁੱਕੇ ਹੋ, ਜਾਂ ਸ਼ਾਇਦ ਹੋਰ ਦਵਾਈਆਂ ਦੀ ਵਰਤੋਂ ਕੀਤੀ ਹੋ ਸਕਦੀ ਹੈ ਜਾਂ ਹਾਲ ਹੀ ਵਿੱਚ ਕੋਈ ਹੋਰ ਵੈਕਸਿਨ ਪ੍ਰਾਪਤ ਕੀਤੀ ਹੈ ਤਾਂ ਵੈਕਸੀਨੇਸ਼ਨ ਕੇਂਦਰ ਵਿਖੇ ਡਾਕਟਰ ਜਾਂ ਸਿਹਤ ਦੇਖਭਾਲ ਪੇਸ਼ੇਵਰ ਨੂੰ ਦੱਸੋ।

### ਗਰਭ ਅਤੇ ਛਾਤੀ ਤੋਂ ਦੁੱਧ ਚੁੰਘਾਉਣਾ

ਜੇਕਰ ਤੁਸੀਂ ਗਰਭਵਤੀ ਹੋ, ਜਾਂ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਗਰਭਵਤੀ ਹੋ ਸਕਦੇ ਹੋ ਜਾਂ ਤੁਸੀਂ ਬੱਚਾ ਪੈਦਾ ਕਰਨ ਬਾਰੇ ਸੋਚ ਰਹੇ ਹੋ, ਜਾਂ ਜੇਕਰ ਤੁਸੀਂ ਬੱਚੇ ਨੂੰ ਛਾਤੀ ਦਾ ਦੁੱਧ ਚੁੰਘਾ ਰਹੇ ਹੋ ਤਾਂ ਇਹ ਵੈਕਸਿਨ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਓ।

ਗਰਭਵਤੀ ਔਰਤਾਂ ਵਿੱਚ ਕੋਮੀਰਨੈਟੀ ਦੀ ਵਰਤੋਂ ਦੇ ਨਾਲ ਸੰਬੰਧਤ ਜਾਣਕਾਰੀ ਸੀਮਤ ਹੈ। ਜਾਨਵਰਾਂ ਸੰਬੰਧੀ ਅਧਿਐਨ ਗਰਭ, ਭਰੂਣ/ਬੱਚੇ ਦੇ ਵਿਕਾਸ, ਜਣਨ ਯੋਗਤਾ ਜਾਂ ਜਨਮ ਤੋਂ ਬਾਅਦ ਬੱਚੇ ਦੇ ਵਿਕਾਸ ਦੇ ਸੰਬੰਧ ਵਿੱਚ ਸਿੱਧੇ ਜਾਂ ਅਸਿੱਧੇ ਖਤਰਨਾਕ ਪ੍ਰਭਾਵ ਨਹੀਂ ਦਿਖਾਉਂਦੇ ਹਨ। ਗਰਭ ਦੇ ਦੌਰਾਨ ਕੋਮੀਰਨੈਟੀ ਦੇਣ ਬਾਰੇ ਕੇਵਲ ਤਾਂ ਹੀ ਵਿਚਾਰ ਕਰਨਾ ਚਾਹੀਦਾ ਹੈ ਜੇਕਰ ਸੰਭਾਵਤ ਲਾਭ ਮਾਤਾ ਅਤੇ ਬੱਚੇ ਨੂੰ ਹੋਣ ਵਾਲੇ ਸੰਭਾਵਤ ਜੋਖਿਮਾਂ ਤੋਂ ਵੱਧ ਹੋਣ।

### ਸੁਰੱਖਿਆ ਦੀ ਮਿਆਦ ਅਤੇ ਵੈਕਸਿਨ ਦੀ ਕਾਰਜਸ਼ੀਲਤਾ ਦੀਆਂ ਸੀਮਾਵਾਂ

ਵੈਕਸਿਨ ਨਾਲ ਹੋਣ ਵਾਲੀ ਸੁਰੱਖਿਆ ਦੀ ਮਿਆਦ ਅਗਿਆਤ ਹੈ ਅਤੇ ਇਸ ਦਾ ਹਾਲੇ ਵੀ ਚਾਲੂ ਕਲੀਨਿਕਲ ਟ੍ਰਾਇਲਾਂ ਦੇ ਨਾਲ ਨਿਰਧਾਰਨ ਕੀਤਾ ਜਾ ਰਿਹਾ ਹੈ। ਅਤੇ ਜਿੱਥੋਂ ਤੱਕ ਵੈਕਸਿਨ ਦੀ ਗੱਲ ਹੈ ਤਾਂ ਕੋਮੀਰਨੈਟੀ ਦੇ ਨਾਲ ਵੈਕਸੀਨੇਟ ਹੋਣ ਨਾਲ ਸਾਰੇ ਵੈਕਸਿਨ ਲਾਭਪਾਤਰਾਂ ਦੀ ਰੱਖਿਆ ਸ਼ਾਇਦ ਨਾ ਹੋਵੇ। ਲਾਭਪਾਤਰ ਵੈਕਸਿਨ ਦੀ ਦੂਸਰੀ ਖੁਰਾਕ ਤੋਂ ਬਾਅਦ 7 ਦਿਨਾਂ ਤੱਕ ਦੇ ਸਮੇਂ ਦੇ ਲਈ ਪੂਰੀ ਤਰ੍ਹਾਂ ਸੁਰੱਖਿਅਤ ਸ਼ਾਇਦ ਨਾ ਹੋਣ।

ਇਸਲਈ ਪਲਬਿਕ ਸਿਹਤ ਸਲਾਹ (ਮਾਸਕ, ਸਮਾਜਿਕ ਦੂਰੀ ਅਤੇ ਲਗਾਤਾਰ ਹੱਥ ਧੋਣ ਦੀ ਕਿਰਿਆ) ਦਾ ਦ੍ਰਿੜ੍ਹਤਾ ਨਾਲ ਪਾਲਣ ਕਰਨਾ ਜਾਰੀ ਰੱਖਣਾ ਜ਼ਰੂਰੀ ਹੈ।

r_emiro.Giunta - Prot. 23/04/2021.0390279.U

## ਕੋਮੀਰਨੈਟੀ ਕਿਵੇਂ ਦਿੱਤੀ ਜਾਂਦੀ ਹੈ

ਕੋਮੀਰਨੈਟੀ ਬਾਂਹ ਦੇ ਉੱਪਰਲੇ ਹਿੱਸੇ ਦੀ ਮਾਸਪੇਸ਼ੀ (ਇੰਟਰਾਮਸਕੁਲਰ ਇੰਜੈਕਸ਼ਨ) ਵਿੱਚ ਡਿਲੀਉਸ਼ਨ ਤੋਂ ਬਾਅਦ ਦਿੱਤੀ ਜਾਂਦੀ ਹੈ। ਬੂਸਟਰ ਦਿੱਤਾ ਜਾਏਗਾ ਅਤੇ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਵੈਕਸੀਨੇਸ਼ਨ ਚੱਕਰ ਨੂੰ ਪੂਰਾ ਕਰਨ ਦੇ ਲਈ ਪਹਿਲੀ ਖੁਰਾਕ ਤੋਂ ਬਾਅਦ 3 ਹਫਤਿਆਂ ਵਿੱਚ ਦੂਸਰੀ ਖੁਰਾਕ ਦਿੱਤੀ ਜਾਵੇ (ਅਤੇ ਕਿਸੇ ਵੀ ਸਥਿਤੀ ਵਿੱਚ 42 ਦਿਨਾਂ ਤੋਂ ਬਾਅਦ ਨਹੀਂ)।

ਇਹ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਬਿਹਤਰੀਨ ਰੱਖਿਆ ਪ੍ਰਤੀਕਿਰਿਆ ਪ੍ਰਾਪਤ ਕਰਨ ਦੇ ਲਈ ਦੂਸਰੀ ਖੁਰਾਕ ਮਿਲੇ। ਜੇਕਰ ਦੂਸਰੀ ਖੁਰਾਕ ਦੇ ਲਈ ਤੁਹਾਡੀ ਨਿਰਧਾਰਤ ਅਪੌਇੰਟਮੈਂਟ ਖੁੰਝ ਜਾਂਦੀ ਹੈ, ਤਾਂ ਆਪਣੇ ਡਾਕਟਰ ਜਾਂ ਉਸ ਵੈਕਸੀਨੇਸ਼ਨ ਕੇਂਦਰ ਦੇ ਨਾਲ ਸੰਪਰਕ ਕਰੋ ਜਿੱਥੇ ਤੁਸੀਂ ਆਪਣੀ ਪਹਿਲੀ ਖੁਰਾਕ ਪ੍ਰਾਪਤ ਕੀਤੀ ਹੈ।

## ਸੰਭਾਵਤ ਮਾੜੇ ਪ੍ਰਭਾਵ

ਸਾਰੀਆਂ ਵੈਕਸਿਨਾਂ ਦੇ ਵਾਂਗ, ਕੋਮੀਰਨੈਟੀ ਮਾੜੇ ਪ੍ਰਭਾਵ ਪੈਦਾ ਕਰ ਸਕਦੀ ਹੈ, ਹਾਲਾਂਕਿ ਇਹ ਸਾਰਿਆਂ ਨੂੰ ਨਹੀਂ ਹੁੰਦੇ।
*ਬਹੁਤ ਆਮ ਮਾੜੇ ਪ੍ਰਭਾਵ* (10 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):

- ਇੰਜੈਕਸ਼ਨ ਦਾ ਸਥਾਨ: ਦਰਦ, ਸੋਜ
- ਥਕਾਵਟ
- ਸਿਰ ਦਰਦ
- ਮਾਸਪੇਸ਼ੀ ਵਿੱਚ ਦਰਦ
- ਕਾਂਬਾ
- ਜੋੜਿਆਂ ਵਿੱਚ ਦਰਦ
- ਦਸਤ
- ਬੁਖਾਰ

*ਆਮ ਮਾੜੇ ਪ੍ਰਭਾਵ* (10 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):

- ਇੰਜੈਕਸ਼ਨ ਦੇ ਸਥਾਨ 'ਤੇ ਲਾਲੀ
- ਮਤਲੀ
- ਉਲਟੀ ਆਉਣਾ

*ਵਿਸ਼ੇਸ਼ ਮਾੜੇ ਪ੍ਰਭਾਵ* (100 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):

- ਵੱਡੇ ਲਿੰਫ ਨੋਡ
- ਬਿਮਾਰ ਮਹਿਸੂਸ ਕਰਨਾ
- ਬਾਂਹ ਵਿੱਚ ਦਰਦ
- ਨੀਂਦ ਨਾ ਆਉਣਾ
- ਇੰਜੈਕਸ਼ਨ ਦੇ ਸਥਾਨ 'ਤੇ ਖੁਰਕ
- ਐਲਰਜੀ ਸੰਬੰਧੀ ਪ੍ਰਤੀਕਿਰਿਆਵਾਂ ਜਿਵੇਂ ਕਿ ਛਪਾਕੀ ਜਾਂ ਖੁਰਕ

*ਕਦੇ-ਕਦਾਈਂ ਹੋਣ ਵਾਲੇ ਮਾੜੇ ਪ੍ਰਭਾਵ* (1,000 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ):

- ਅਸਥਾਈ ਤੌਰ 'ਤੇ ਚਿਹਰੇ ਇੱਕ ਤਰਫੋਂ ਵਿਗੜਨਾ
- ਐਲਰਜੀ ਸੰਬੰਧੀ ਪ੍ਰਤੀਕਿਰਿਆਵਾਂ ਜਿਵੇਂ ਕਿ ਛਪਾਕੀ ਜਾਂ ਚਿਹਰੇ 'ਤੇ ਸੋਜ

*ਗਿਆਤ ਨਹੀਂ ਹਨ* (ਉਪਲਬਧ ਡੇਟਾ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ): ਗੰਭੀਰ ਐਲਰਜੀ ਸੰਬੰਧੀ ਪ੍ਰਤੀਕਿਰਿਆ

ਜੇਕਰ ਤੁਹਾਨੂੰ ਕੋਈ ਮਾੜੇ ਪ੍ਰਭਾਵ ਹੁੰਦੇ ਹਨ, ਜੋ ਕਿ ਭਾਂਵੇਂ ਇੱਥੇ ਸੂਚੀਬੱਧ ਨਹੀਂ ਹਨ, ਤਾਂ ਆਪਣੇ ਡਾਕਟਰ ਦੇ ਨਾਲ ਗੱਲ ਕਰੋ ਜਾਂ ਵੈਕਸੀਨੇਸ਼ਨ ਕੇਂਦਰ ਦੇ ਨਾਲ ਗੱਲ ਕਰੋ।

ਤੁਸੀਂ ਰਾਸ਼ਟਰੀ ਰਿਪੋਰਟਿੰਗ ਪ੍ਰਣਾਲੀ ਦੇ ਰਾਹੀਂ ਸਿੱਧੇ ਵੀ ਕਿਸੇ ਮਾੜੇ ਪ੍ਰਭਾਵ ਦੀ ਰਿਪੋਰਟਿੰਗ ਕਰ ਸਕਦੇ ਹੋ (https://www.aifa.gov.it/content/segnalazioni-reazioni-avverse).

## ਕੋਮੀਰਨੈਟੀ ਵਿੱਚ ਕੀ ਮੌਜੂਦ ਹੈ

ਸਰਗਰਮ ਸਮੱਗਰੀ COVID-19 mRNA ਵੈਕਸਿਨ ਹੈ।

ਹੋਰ ਸਮੱਗਰੀਆਂ ਹਨ: ((4-hydroxybutyl)azanediyl)bis(hexane-6,1-diyl)bis(2-hexyldecanoate) (ALC-0315); 2-[(polyethylene glycol)-2000]-N,N-ditetradecylacetamide (ALC-0159); 1,2-Distearoyl-sn-glycero-3-phosphocholine (DSPC); ਕੋਲੈਸਟ੍ਰੋਲ; ਪੋਟਾਸ਼ੀਅਮ ਕਲੋਰਾਈਡ; ਪੋਟਾਸ਼ੀਅਮ ਡਾਈਹਾਈਡ੍ਰੋਜਨ ਫੋਸਫੇਟ; ਸੋਡੀਅਮ ਕਲੋਰਾਈਡ; ਡਾਈਸੋਡੀਅਮ ਫੋਸਫੇਟ ਡਾਈਹਾਈਡ੍ਰੇਟ; ਸੁਕਰੋਸ; ਇੰਜੈਕਸ਼ਨਾਂ ਦੇ ਲਈ ਪਾਣੀ।